Where endless love resides.
From the care and love that she gives
And the passion that she shows
We know that
The beauty of a woman
Only with passing years grows.

Sapna Choudhary
BA (Prog) 1st Year

My Promise

Each day I will do my best.
And I will not do anything else.
My work will always please,
And I will never accept a mess.
My writing will be neat,
And I simply will not be happy,
Until my papers are complete.
I will always do my homework,
And I will try on every test.
I will never forget my promise
To do my very best.

Sarika Jain
B.Com. (P) 1st Year

Imagination

Every day begins with numerous schedules
And numerous emotions.
But I need a rest,
To feel my best.
I am on a vacation
This is my imagination.
My mind is full
Dwelling on the past.
But all I want
Is a cup of coffee in my hand
And see beautiful lands.
That I am on a vacation,
It is my imagination.
My hands are bound
Painfully creating sounds.
But all I want
Is to hold social sessions
And follow my passions.
I want to be on a vacation
This is all my imagination.

Gunjan
B.Com. (P)1st Year

Happiness

Happiness is a necessity and not a luxury. Happiness is not a state of life, it is life itself. The most indispensable feature of life but the most neglected one is Happiness. It is perfectly true that a smile is infectious. A jolly person brings a smile to the faces of people around her. A happy and lively person is more social, intellectual and creative.

Aparajita Kumari
BA (Prog) 1st Yea

Anjali Tiwari (B.Com. Prog. 1st Year)

Punpreet Kaur (BA Prog. 1st Year)

Saloni Parcha (BA Prog. 1st Year)

Anjali Tiwari (B.Com. Prog. 1st Year)

Juveria (BA Prog. 1st Year)

Saloni Parcha (BA Prog. 1st Year)

ਪੰਜਾਬੀ ਭਾਗ

ਮਾਂ ਬੋਲੀ

ਜੋ ਵਗਦੀ ਵਿਚ ਹਵਾਵਾਂ ਦੇ
ਜੋ ਸਰਹੱਦਾਂ ਤੋਂ ਉਚੀ ਏ,
ਫ਼ਕੀਰਾਂ ਦੇ ਹੱਥਾਂ ਵਿਚ ਆਈ
ਤਾਸੀਰ ਦੀ ਬਹੁਤੀ ਚੰਗੀ ਏ।
ਇਹ ਬੋਲੀ ਬਾਬੇ ਨਾਨਕ ਦੀ
ਕਰ ਉਜਾਲ ਰਾਹ ਵਿਖਾਉਂਦੀ ਏ,
ਪਹਿਲਾਂ ਅੱਖਰ ਮਾਂ ਬੋਲਣਾ
ਪੰਜਾਬੀ ਹੀ ਤਾਂ ਸਿਖਾਉਂਦੀ ਏ।
ਮਾਂ ਆਪਣੀ ਖ਼ਤਰਾਂ ਹੇਠ
ਇਸ ਦੌਰ 'ਚ ਅਸਾਂ ਬਚਾਉਣੀ ਏ,
ਅਸੀਂ ਸਾਰਿਆਂ ਨੇ ਰਲ ਕੇ ਹੀ ਤਾਂ
ਸ਼ਾਨ ਇਹਦੀ ਵਧਾਉਣੀ ਏ
ਤੇ ਮਾਂ ਬੋਲੀ ਦੀ ਪਹਿਚਾਣ
ਸਿਖਰਾਂ ਤੱਕ ਪਹੁੰਚਾਉਣੀ ਏ।
ਜੇ ਬਹੁਤਾ ਸਮਾਂ ਅਸੀਂ
ਇੱਧਰ-ਉੱਧਰ ਦੀਆਂ ਗੱਲਾਂ ਵਿਚ ਲਗਾਵਾਂਗੇ,
ਮਾਂ ਬੋਲੀ ਦੀ ਹੋਂਦ ਅਸੀਂ
ਇਸ ਜੰਗ ਵਿਚੋਂ ਗਵਾਵਾਂਗੇ।
ਫਿਰ ਚਾਅ ਕੇ ਵੀ
ਅਸੀਂ ਰੋ ਨਾ ਪਾਵਾਂਗੇ,
ਤੇ ਇਹਦੇ ਸਵਾਲਾਂ ਮੂਹਰੇ
ਖੜ੍ਹੇ ਨਾ ਪਾਵਾਂਗੇ।
ਜਿੰਨ੍ਹੇ ਅਹਿਸਾਨ ਨੇ ਇਹਦੇ ਸਾਡੇ ਤੇ
ਕਦੇ ਵੀ ਭੁੱਲ ਨਾ ਪਾਵਾਂਗੇ,
ਜੇ ਇੱਕ ਵਾਰ ਗਵਾ ਲਈ ਹੋਵੇ
ਮਾਂ ਬੋਲੀ ਦਾ ਮੁੱਲ ਕਿਵੇਂ ਚੁਕਾਵਾਂਗੇ?

ਨਮਨਪ੍ਰੀਤ ਕੌਰ
ਬੀਏ (ਪ੍ਰੋਗਰਾਮ) ਸਾਲ ਦੂਜਾ

ਪਵਣੁ ਗੁਰੂ ਪਾਣੀ ਪਿਤਾ

ਪਾਣੀ ਦੇ ਵਿਚ ਜ਼ਿੰਦਗੀ ਵਸੀ
ਕੁਦਰਤ ਦੇ ਵਿਚ ਪਾਣੀ
ਇਸ ਪਾਣੀ ਨੇ ਸਭ ਕੁਝ ਦਿੱਤਾ
ਕਰਜ਼ਦਾਰ ਹਰ ਪ੍ਰਾਣੀ
ਪਵਣੁ ਗੁਰੂ ਪਾਣੀ ਪਿਤਾ
ਲਿਖਿਆ ਵਿਚ ਗੁਰਬਾਣੀ
ਖ਼ਿਆਲ ਕਰੋ ਇਸ ਸੋਹਣੇ ਜਲ ਦਾ
ਆਪਾਂ ਸਾਰੇ ਨੀ ਜੀ ਸਕਦੇ ਬਿਨ ਪਾਣੀ

ਇਸ਼ਾ ਕਰਮਾ
ਬੀਏ (ਪ੍ਰੋਗਰਾਮ) ਸਾਲ ਦੂਜਾ

ਮਾਂ

ਮਾਂ ਤੂੰ ਕਦੇ ਥੱਕਦੀ ਕਿਉਂ ਨਹੀਂ?
ਸਭ ਦਾ ਫ਼ਿਕਰ ਕਰਦੀ ਏ
ਆਪਣਾ ਖ਼ਿਆਲ ਰੱਖਦੀ ਕਿਉਂ ਨਹੀਂ?
ਮੈਂ ਤੈਨੂੰ ਕਦੇ ਚੈਨ ਦੀ ਨੀਂਦ ਸੌਂਦੇ ਨਹੀਂ ਵੇਖਿਆ
ਕਾਹਦੀ ਬਣੀ ਏ?
ਤੇਰੀ ਅੱਖ ਲੱਗਦੀ ਕਿਉਂ ਨਹੀਂ?
ਦਰ ਰਾਮ ਦਾ ਨਾ ਛੱਡਦੀ ਨਾ ਅੱਲ੍ਹਾ ਦਾ
ਕੀ ਮੰਗੇ ਤੂੰ ਦੱਸਦੀ ਕਿਉਂ ਨਹੀਂ?
ਬਿਨ ਦੱਸਿਆਂ ਮੇਰੀਆਂ ਪੀੜਾਂ ਕਿਵੇਂ ਬੁਝ ਲੈਂਦੀ ਏ?
ਕਿਹੜਾ ਇਲਮ ਏ ਇਹ
ਪਰਦਾ ਚੁੱਕਦੀ ਕਿਉਂ ਨਹੀਂ?
ਤੂੰ ਮੇਰੇ ਵੱਲ ਵੀ ਏ, ਤੂੰ ਉਹਦੇ ਵੱਲ ਵੀ ਏ
ਤੂੰ ਸਭ ਦੇ ਵੱਲ ਹੀ ਏ ਇਕ ਪੱਖ ਦੀ ਕਿਉਂ ਨਹੀਂ?
ਭਾਵੇਂ ਰੱਬ ਨੇ ਭੇਜਦੇ ਮੂੰਹ ਤੇ ਝੁਰੜੀਆਂ ਵੀ
ਚੰਗੀ ਮਾਂ ਤੋਂ ਵੱਧ ਸੋਹਣੀ ਕੋਈ ਲੱਗਦੀ ਕਿਉਂ ਨਹੀਂ?

ਤਾਨੀਆ
ਬੀਏ (ਪ੍ਰੋਗਰਾਮ) ਸਾਲ ਤੀਜਾ

ਸਦਾ ਖੁਸ਼ਹਾਲ ਰਹੇ

ਮੇਰਾ ਪਿਆਰਾ ਭਾਰਤ ਦੇਸ਼ ਸਦਾ ਖੁਸ਼ਹਾਲ ਰਹੇ,
ਹੈ ਬਾਪੂ ਦਾ ਸੰਦੇਸ਼ ਸਦਾ ਖੁਸ਼ਹਾਲ ਰਹੇ।

ਗੰਗਾ, ਜਮੁਨਾ, ਸਰਸਵਤੀ ਪਾਵਨ ਨਦੀਆਂ ਵਹਿਣ,
ਨਾਨਕ, ਰਾਮ, ਕ੍ਰਿਸ਼ਨ ਦੀ ਧਰਤੀ ਥਾਂ-ਥਾਂ ਮੇਲੇ
ਲੱਗਣ

ਆਵੇ ਈਦ ਜਾਂ ਆਵੇ ਵਿਸਾਖੀ ਜਾਂ ਫਿਰ ਆਵੇ ਹੋਲੀ,
ਹਿੰਦੂ, ਮੁਸਲਿਮ, ਸਿੱਖ, ਈਸਾਈ ਮਨਾਉਂਦੇ ਰਲ ਕੇ
ਸਾਂਝੀ ਟੋਲੀ।

ਦਿਨ ਆਜ਼ਾਦੀ ਦਾ ਵੀ ਅਸੀਂ ਮਿਲ ਕੇ ਸਭ ਮਨਾਉਂਦੇ

ਵੱਡਿਆਂ ਦੇ ਨਾਲ ਬੱਚਿਆਂ ਦਾ ਵੀ ਅਸੀਂ ਸਦਾ ਹੀ ਮਾਣ ਵਧਾਉਂਦੇ।

ਜੋਤਕ ਕੌਰ
ਬੀਕਾਮ (ਪ੍ਰੋਗਰਾਮ) ਸਾਲ ਦੂਜਾ

ਸੋਚ ਦੀ ਲਿਖਤ

ਜ਼ਿੰਦਗੀ ਹੈ ਅਜੀਬ ਮਿੱਤਰੋ
ਰੱਬ ਹਮੇਸ਼ਾ ਹੀ ਕਰੀਬ ਮਿੱਤਰੋ
ਭਾਣਾ ਸਤਿਗੁਰ ਦਾ ਸਿਰ ਮੱਥੇ ਮੰਨਣਾ
ਇਹ ਜ਼ਰੂਰੀ ਹੈ ਤਰੀਕ ਮਿੱਤਰੋ
ਚੰਗੇ ਕੰਮ ਕਰੀਏ ਤਾਂ ਸਵਰਗਾਂ ਦੀ ਟਿਕਟ ਮਿਲਦੀ
ਇਹ ਪੱਕੀ ਹੈ ਰਸੀਦ ਮਿੱਤਰੋ
ਹਰ ਰੂਹ ਦੇ ਵਿੱਚ ਉਹ ਆਪ ਵਸਦਾ
ਕਦੇ ਤੰਗ ਨਾ ਕਰੋ ਗਰੀਬ ਮਿੱਤਰੋ
ਜ਼ਿੰਦਗੀ ਹੈ ਅਜੀਬ ਮਿੱਤਰੋ
ਰੱਬ ਹਮੇਸ਼ਾ ਹੀ ਕਰੀਬ ਮਿੱਤਰੋ।

ਅਨੁਰੀਤ ਕੌਰ
ਬੀਕਾਮ (ਪ੍ਰੋਗਰਾਮ) ਸਾਲ ਦੂਜਾ

ਹਿੰਮਤ

ਜ਼ਿੰਦਗੀ ਲੱਖ ਸਤਾਵੇ ਚਾਹੇ ਤੁਹਾਨੂੰ,
ਪਰ ਹਿੰਮਤ ਕਮਜ਼ੋਰ ਹੋਣ ਨਾ ਦੇਣਾ।
ਕਿਸਮਤ ਕਰੇ ਲੱਖਾਂ ਸਿਤਮ,
ਪਰ ਹਿੰਮਤ ਆਪਣੀ ਖੋਹਣ ਨਾ ਦੇਣਾ।
ਸੰਘਰਸ਼ ਕਰਨਾ ਆਧਾਰ ਜੀਵਨ ਦਾ,
ਡਰ ਨੂੰ ਆਪਣੇ ਉੱਤੇ ਹਾਵੀ ਹੋਣ ਨਾ ਦੇਣਾ।
ਮੰਨਿਆ ਮੁਸ਼ਕਲ ਹਨ ਜ਼ਿੰਦਗੀ ਦੇ ਰਸਤੇ,
ਪਰ ਅੱਖ ਤੋਂ ਮੰਜ਼ਿਲ ਓਹਲੇ ਹੋਣ ਨਾ ਦੇਣਾ।
ਹਰ ਕਦਮ ਤੇ ਹੋਵੇਗਾ ਵਿਰੋਧ ਤੁਹਾਡਾ,
ਹੋਸ਼ ਕਦੇ ਵੀ ਖੋਹਣ ਨਾ ਦੇਣਾ।
ਡਰਾਵੇਗਾ ਇਹ ਸੰਸਾਰ ਹਰ ਤਰ੍ਹਾਂ ਨਾਲ,
ਪਰ ਕਦਮਾਂ ਨੂੰ ਆਪਣੇ ਰੋਕ ਨਾ ਦੇਣਾ।
ਹਿੰਮਤ ਕਮਜ਼ੋਰ ਹੋਣ ਨਾ ਦੇਣਾ।
ਹਿੰਮਤ ਕਮਜ਼ੋਰ ਹੋਣ ਨਾ ਦੇਣਾ।

ਭਾਵਨਾ
ਬੀਏ (ਪ੍ਰੋਗਰਾਮ) ਸਾਲ ਤੀਜਾ

ਪੁੱਤ ਤੇ ਧੀਆਂ

ਜੇ ਪੁੱਤ ਹੱਟਾਂ ਤੇ ਨਹੀਂ ਵਿਕਦੇ
ਨਾ ਧੀਆਂ ਵਿਕਣ ਬਜ਼ਾਰ ਕੁੜੇ,
ਇਹ ਸੌਦਾ ਮੁੱਲ ਲੈਂਦਾ ਨੀ
ਨਕਦ ਨਾ ਮਿਲੇ ਉਧਾਰ ਕੁੜੇ
ਜੇ ਪੁੱਤ ਹੱਟਾਂ ਤੇ ਨਹੀਂ ਵਿਕਦੇ ਨਾ ਧੀਆਂ ਵਿਕਣ
ਬਜ਼ਾਰ ਕੁੜੇ।
ਜੇ ਪੁੱਤ ਘਰਾਂ ਦੀ ਆਨ ਨੀ
ਤਾਂ ਧੀਆਂ ਮਾਪਿਆਂ ਦੀ ਸ਼ਾਨ ਨੀ,
ਰੌਣਕ ਬਾਬੁਲ ਦੇ ਵਿਹੜੇ ਦੀ
ਸੁੱਖ ਮੰਗਦੀਆਂ ਧੀਆਂ ਮਾਂ ਦੀ ਨੀ
ਕਿਉਂ ਹੋਇਆ ਵੈਰ ਕਸੂਰਾਂ ਦੀ
ਸਮਾਜ ਜਾਤੇ ਦਾ ਇਹ ਕਿਹੜਾ ਕਿਰਦਾਰ ਕੁੜੇ
ਜੇ ਪੁੱਤ ਹੱਟਾਂ ਤੇ ਨਹੀਂ ਵਿਕਦੇ ਨਾ ਧੀਆਂ ਵਿਕਣ
ਬਜ਼ਾਰ ਕੁੜੇ।
ਪੁੱਤਰਾਂ ਸੰਗ ਵੇਲ ਜੇ ਵਧਦੀ ਏ
ਧੀਆਂ ਸੰਗ ਫਲਦੀ ਫੁੱਲਦੀ ਏ,
ਲਾਡਾਂ ਨਾਲ ਵੀਰ ਖਿਡਾਉਂਦੀ ਏ
ਬੁਲਬੁਲਾਂ ਵਾਂਗ ਪਲਦੀ ਏ
ਉਹ ਕਿਰਤੂਰ ਬਾਗ ਸਲਾਮਤ ਨੀ
ਜਿਹਦੀ ਖੁਸ਼ਬੂ ਬੜੀ ਸੁਹਾਣ ਕੁੜੇ
ਜੇ ਪੁੱਤ ਹੱਟਾਂ ਤੇ ਨਹੀਂ ਵਿਕਦੇ ਨਾ ਧੀਆਂ ਵਿਕਣ
ਬਜ਼ਾਰ ਕੁੜੇ।

ਆਸਥਾ ਭੱਲਾ
ਬੀਏ (ਪ੍ਰੋਗਰਾਮ) ਸਾਲ ਤੀਜਾ

ਇੰਤਜ਼ਾਰ

ਉਹ ਹਰ ਪਾਸੇ ਮੈਨੂੰ ਦਿਸਦਾ ਏ।
ਮੇਰੇ ਸੁਫ਼ਨਿਆਂ ਵਿਚ ਆਉਂਦਾ ਏ।
ਨਾ ਜਾਣੇ ਮੈਨੂੰ ਕੀ ਹੋ ਜਾਂਦਾ ਏ ਉਹਨੂੰ ਦੇਖ ਕੇ।
ਮੈਂ ਕਾਹਤੋਂ ਸ਼ਰਮਾ ਜਾਂਦੀ ਆਂ?
ਮੈਂ ਨਹੀਂ ਜਾਣਦੀ ਮੈਂ ਉਹਦਾ ਇੰਤਜ਼ਾਰ ਕਾਹਤੋਂ ਕਰਦੀ ਆਂ?
ਪਰ ਹਾਂ ਮੈਂ ਇੰਤਜ਼ਾਰ ਕਰਦੀ ਆਂ।
ਉਹ ਕੀ ਲੱਗਦਾ ਏ ਮੇਰਾ ਮੈਂ ਨਹੀਂ ਜਾਣਦੀ,
ਪਰ ਉਹਦੀ ਅੱਖਾਂ 'ਚ ਮੈਨੂੰ ਮੇਰੀ ਦੁਨੀਆਂ ਦਿਸਦੀ ਏ।

ਤੇ ਇਹ ਉਹੀ ਏ ਜਿਹਨੂੰ ਮਾਪੇ ਪਸੰਦ ਕਰਨਗੇ?
ਮੈਂ ਨਹੀਂ ਜਾਣਦੀ,
ਮੈਂ ਉਹਦਾ ਇੰਤਜ਼ਾਰ ਕਿਉਂ ਕਰਦੀ ਆਂ?
ਪਰ ਹਾਂ ਮੈਂ ਇੰਤਜ਼ਾਰ ਕਰਦੀ ਆਂ।
ਨਿਰੰਤਰ॥
ਅੱਜ ਮੈਂ ਮੰਗੀ ਗਈ ਆਂ
ਮੈਂ ਨਹੀਂ ਜਾਣਦੀ ਉਹ ਕੌਣ ਏ,
ਕਿਹੋ ਜਿਹਾ ਦਿਸਦਾ ਹੋਵੇਗਾ,
ਉਹਨੂੰ ਮੇਰੇ ਮਾਪਿਆਂ ਨੇ ਲੱਭਿਆ ਏ
ਅੱਜ ਮੇਰੇ ਹੱਥਾਂ ਵਿਚ ਲਾਲ ਚੂੜਾ, ਲਾਲ ਸੂਹਾ ਜੋੜਾ
ਹੱਥੀਂ ਕਲੀਰੇ, ਕੰਨੀਂ ਝੁਮਕੇ, ਪੈਰੀਂ ਝਾਂਜਰਾਂ,
ਅਣਜਾਣ ਨੂੰ ਬੁੱਲਟ ਦੀ ਹਰ ਕੋਸ਼ਿਸ਼ ਰੋਮਾਂਚਕ
ਕਿਉਂ ਅੱਜ ਵੀ ਏ ਉਹਦਾ ਇੰਤਜ਼ਾਰ?
ਇਹ ਮੇਰੀ ਜ਼ਿੰਦਗੀ ਦਾ ਖ਼ੂਬਸੂਰਤ ਸੱਚ ਏ,
ਮੇਰਾ ਹੋਣ ਵਾਲਾ ਉਹੀ ਏ,
ਜੀਹਦੀ ਉਡੀਕ ਸੀ,
ਉਹੀ ਅੱਜ ਮਾਪਿਆਂ ਮੇਰੇ ਲੜ ਲਾ ਦਿੱਤਾ
ਮਾਪੇ ਮਾਪੇ ਹੀ ਹੁੰਦੇ ਨੇ
ਰੱਬ ਦਾ ਰੂਪ

ਹਰਪ੍ਰੀਤ ਕੌਰ
ਬੀਏ (ਪ੍ਰੋਗਰਾਮ) ਸਾਲ ਤੀਜਾ

ਨੂਰ ਨਾਨਕ

ਨਹੀਂ ਵਿਚ ਬੰਦ ਮੰਦਿਰਾਂ, ਮਸਜਿਦ, ਧਰਮਸ਼ਾਲਾਂ,
ਹਰ ਮਕਾਨ ਅੰਦਰ ਲਾਮਕਾਨ ਸਮਝੇ।
ਰੂਪ ਰੰਗ ਉਹਦਾ ਵਰਨ ਚਿਹਨ ਕੋਈ ਨਾ
ਰੰਗਾਂ ਸਾਰਿਆਂ ਵਿਚ ਵਰਤਮਾਨ ਸਮਝੇ।
ਨਾਤਾ, ਦੋਸਤੀ, ਸਾਕ, ਸਰੀਕਤਾ ਨਹੀਂ
ਸਭ ਤੋਂ ਵੱਖਰਾ ਸਭਸ ਦੀ ਜਾਨ ਸਮਝੇ।
ਦੇਸ਼, ਜਾਤ, ਮਜ਼ਹਬ, ਪੇਸ਼ਾ, ਖ਼ਿਆਲ ਕੋਈ
ਹਰ ਇਨਸਾਨ ਦੇ ਤਾਈਂ ਇਨਸਾਨ ਸਮਝੇ।

ਜਾਣੋ ਸਭਸ ਵਿਚ ਜੋਤ ਪਰਮਾਤਮਾ ਦੀ
ਪਹਿਲਾਂ ਦੱਸਿਆ ਇਹੋ ਦਸਤੂਰ ਨਾਨਕ।
ਸ਼ਰਧਾ ਨਾਲ ਪਾਇਆ ਸੁਰਮਾ ਏਕਤਾ ਦਾ
ਸਭਨਾਂ ਅੱਖੀਆਂ ਵਿਚ ਦਿੱਤੇ ਨੂਰ ਨਾਨਕ।
ਸਮਝਣ ਵਾਲਿਆਂ ਨੇ ਖ਼ੂਬ ਸਮਝ ਲੈਣਾ
ਭਾਵੇਂ ਮੋਹਨ ਕਹਿ ਲੈ, ਭਾਵੇਂ ਸ਼ਾਮ ਕਹਿ ਲੈ।

ਨੀਅਤ ਵਿਚ ਜੇ ਭਾਵ ਹੈ ਪਿਆਰ ਵਾਲਾ
ਫ਼ਤਹਿ, ਬੰਦਗੀ, ਨਮਸਤੇ, ਸਲਾਮ ਕਹਿ ਲੈ।
ਨਾਮਾਂ ਸਾਰਿਆਂ ਵਿਚ ਉਹਦਾ ਨਾਮ ਕੋਈ ਨਹੀਂ
ਦਿਲੋਂ ਲਈ ਉਹਦਾ ਕੋਈ ਨਾਮ ਕਹਿ ਲੈ।
ਸਭਨਾਂ ਬੋਲੀਆਂ ਤਾਈਂ ਉਹ ਜਾਣਦਾ ਏ
ਭਾਵੇਂ ਰੱਬ ਅੱਲਾ ਭਾਵੇਂ ਰਾਮ ਕਹਿ ਲੈ।

ਐਸੇ ਪ੍ਰੇਮ ਦੇ ਰੰਗ ਵਿਚ ਰੰਗਿਆ ਜੋ
ਉਹਨੇ ਸਮਝਿਆ ਠੀਕ ਜ਼ਰੂਰ ਨਾਨਕ।
ਅੰਦਰ ਬਾਹਰ ਉਹਨੂੰ ਨਜ਼ਰੀਂ ਪਿਆ ਆਵੇ
ਨੂਰ ਨੂਰ ਨਾਨਕ, ਨੂਰ ਨੂਰ ਨਾਨਕ।
ਰਿਸ਼ਤਾ ਬੰਦਿਆਂ ਦਾ ਪਹਿਲੋਂ ਠੀਕ ਹੁੰਦਾ
ਮਿਲਦਾ ਰੱਬ ਜੋ ਘਰ ਬਾਹਰ ਬੰਦਿਆਂ ਵਿਚ।
ਪੰਡਤਾਂ, ਕਾਜ਼ੀਆਂ, ਭਾਈਆਂ ਦਾ ਮਸਲਾ ਜੋ
ਰੱਬ ਵੰਡਿਆ ਇੱਟਾਂ ਤੇ ਮੰਦਰਾਂ ਵਿਚ।
ਇਹ ਵੀ ਸਿੱਖਿਆ ਜੋ ਕਿਤੇ ਨਾ ਸਮਝ ਲੈਣਾ
ਉਹ ਹੀ ਪਾਇਆ ਦੂਜਾਂ ਜਾਂ ਪੰਦਰਾਂ ਵਿਚ।
ਨੀਵਾਂ ਸਿਰ ਕਰਕੇ ਮਾਰੇ ਝਾਤ ਜੇਹੜਾ
ਉਹਨੂੰ ਦਿਸੇਗਾ ਸਾਰਿਆਂ ਅੰਦਰਾਂ ਵਿਚ।

ਘਰੇ ਆਪਣੇ ਰਹਿਣ ਲਈ ਥਾਂ ਉਹਨੇ
ਐਸੇ ਗਿਆਨ ਦੇ ਨਾਲ ਭਰਪੂਰ ਨਾਨਕ।
ਨਾਨਕ ਓਸ ਵਿਚ ਹੈ, ਉਹ ਹੈ ਵਿਚ ਨਾਨਕ
ਓਸੇ ਨੂਰ ਤੋਂ ਨੂਰ ਇਹ ਨੂਰ ਨਾਨਕ।
ਆ ਕੇ ਨਜ਼ਰ ਵੀ ਆਉਂਦਾ ਨਜ਼ਰ ਨਹੀਂ
ਕਿੱਸਾ ਜਾਣ ਲੈ ਮੂਸਾ ਤੇ ਤੂਰ ਦਾ ਏ।
ਆਪਣੇ ਆਪ ਨੂੰ ਆਪ ਨੇ ਹੀ ਮਿਲਣਾ
ਪੈਂਡਾ ਬਹੁਤ ਨੇੜੇ ਫਿਰ ਵੀ ਦੂਰ ਦਾ ਏ।
ਪਰਦਾ ਸਾਫ਼ ਕੇ ਵੀ ਕਿਹਾ ਵਿਚ ਪਰਦੇ
ਆਇਆ ਨੂਰ ਉੱਤੇ ਪਰਦਾ ਨੂਰ ਦਾ ਏ।
ਜਿਵੇਂ ਮਿਲਣ ਜੋੜੇ ਕੇਵਲ ਦਿਲਾਂ ਵਾਲੇ
ਓਵੇਂ ਕੰਮ ਵੀ ਅਕਲ ਸਹੂਰ ਦਾ ਏ।

ਮਿਲੀਏ ਜਿਨਸ ਵਿਚ ਸਦਾ ਹਮ ਜਿਨਸ ਹੋ ਕੇ
ਇਹ ਸਿਧਾਂਤ ਜੋ ਸਿਰਫ਼ ਮਨਜ਼ੂਰ ਨਾਨਕ।
ਬੂੰਦ ਵਿਚ ਸਾਗਰ, ਸਾਗਰ ਵਿਚ ਬੂੰਦਾਂ
ਰਲਿਆ ਨੂਰ ਹੈ ਕੇ ਅੰਦਰ ਨੂਰ ਨਾਨਕ।

ਸਿਮਰਨ ਕੌਰ
ਬੀਏ (ਪ੍ਰੋਗਰਾਮ) ਸਾਲ ਪਹਿਲਾ

ਸੂਰਮੇ ਦੀ ਮੌਤ

ਆਸ਼ਕ ਦੀ ਮੌਤ ਨਾਲੋ ਸੂਰਮੇ ਦੀ ਮੌਤ ਚੰਗੀ,
ਖੂਨ ਜੇ ਨਿਕਲ ਜਾਣ ਵਿੱਚ ਜੋ ਮੈਦਾਨ ਦੇ,
ਆਸ਼ਕ ਦਾ ਇਸ਼ਕ ਜੇਕਰ ਸਿਰੇ ਨਾ ਲੱਗਾ ਪਵੇ,
ਫਾੜੀ ਨਹੀਂ ਮਿਲਦੀ ਫਿਰ ਦੋਨਾਂ ਨੂੰ ਵੀ ਜਹਾਨ ਤੇ,
ਸੂਰਮੇ ਦਾ ਪਿਆਰ ਰਣ ਵਿੱਚ ਹਥਿਆਰ ਨਾਲ,
ਵੀਰਗਤੀ ਪਾ ਕੇ ਬਣ ਜਾਂਵਦਾ ਮਹਾਨ ਜੋ,
ਇਸ਼ਕ ਦੀ ਚਿੰਗਾੜ ਬਹੁਤ ਲੰਬੀ ਹੁੰਦੀ ਅਵਨੀਤ ਕੌਰੇ,
ਐਵੇਂ ਨਾ ਖੁਆਰ ਹੁੰਦੇ ਇਸ਼ਕ ਵਿਚ ਜਹਾਨ ਤੇ,
ਇਸ਼ਕ ਤੜਫਾਉਂਦਾ ਹੈ ਰਾਤਾਂ ਦੀਆਂ ਨੀਂਦਾਂ ਵਿੱਚ,
ਸੂਰਮੇ ਦੀ ਤੜਫ ਕੇਵਲ ਰਹਿੰਦੀ ਹੈ ਮੈਦਾਨ ਚ,
ਇਸ਼ਕ ਵਿੱਚ ਆਸ਼ਕ ਕਈ ਜਾਨਾਂ ਪਏ ਨੇ ਵਾਰਦੇ,
ਕੋਈ ਵਿਰਲਾ ਹੀ ਮਰਦਾ ਹੈ ਰਣ ਵਿੱਚ ਮੈਦਾਨ ਦੇ,
ਇਸ਼ਕ ਵਿੱਚ ਹਾਰਨ ਤੇ ਰਾਤੀਂ ਅੱਤੇ ਖੌਤ ਜਾਵੇ,
ਪਰ, ਵੀਰਤਾ ਹੀ ਮਿਲੇ ਜੇ ਜਾਵੇ ਸੂਰਮਾ ਜਹਾਨ ਚੋਂ,
ਇਸ਼ਕ ਵਿੱਚ ਭੁਲਿਆ ਜਮਾਨਾ ਕੋਈ ਦੇਖਦਾ ਨਹੀਂ,
ਮੇਲੇ ਨਿਤ ਲੱਗਦੇ ਨੇ ਸੂਰਮਿਆਂ ਦੀ ਸ਼ਾਨ ਤੇ।

ਅਵਨੀਤ ਕੌਰ
ਬੀਏ (ਪ੍ਰੋਗਰਾਮ) ਸਾਲ ਦੂਜਾ

ਅਜੋਕੀ ਰਾਜਨੀਤੀ ਜਾਂ ਅੱਜ ਦੀ ਰਾਜਨੀਤੀ

ਅੱਜ ਜਿਸ ਤਰ੍ਹਾਂ ਨਾਲ ਸਾਡੇ ਨੇਤਾ ਇਮਾਨਦਾਰ ਅਫ਼ਸਰਾਂ ਤੇ ਸੈਨਿਕਾਂ ਬਾਰੇ ਗੱਲ ਕਰ ਰਹੇ ਹਨ, ਉਹ ਬਹੁਤ ਜਿਆਦਾ ਨਿੰਦਾ ਦੇ ਯੋਗ ਹੈ। ਵਰਤਮਾਨ ਯੁੱਗ ਲੋਕਤੰਤਰ ਦਾ ਯੁੱਗ ਹੈ। ਲੋਕ-ਤੰਤਰ ਦਾ ਮੂਲ ਸਿਧਾਂਤ ਤਾਂ ਲੋਕਾਂ ਵਲੋਂ ਲੋਕਾਂ ਲਈ, ਲੋਕਾਂ ਦਾ ਰਾਜ ਹੈ। ਚੋਣਾਂ ਸਮੇਂ ਵੋਟ ਲੈਣ ਲਈ ਜਨਤਾ ਨਾਲ ਤਰ੍ਹਾਂ- ਤਰ੍ਹਾਂ ਦੇ ਵਾਅਦੇ ਕੀਤੇ ਜਾਂਦੇ ਹਨ ਪਰ ਸੱਤਾ ਵਿੱਚ ਆਉਂਦੇ ਹੀ ਸਭ ਵਾਅਦੇ ਭੁਲਾ ਦਿੱਤੇ ਜਾਂਦੇ ਹਨ। ਮੰਤਰੀ ਆਪਣੇ ਘਰ ਭਰਨ ਲੱਗ ਜਾਂਦੇ ਹਨ ਸੱਤਾ ਕਾਇਮ ਰੱਖਣ ਲਈ ਲੋਕਾਂ ਵਿੱਚ ਧਰਮ, ਜਾਤ ਤੇ ਹੋਰ ਕਈ ਤਰ੍ਹਾਂ ਦੇ ਮਸਲੇ ਖੜੇ ਕਰਕੇ ਪਾੜ ਪਾਏ ਜਾਂਦੇ ਹਨ। ਹਰ ਨਵਾਂ ਪ੍ਰੋਜੈਕਟ ਦੀ ਸ਼ੁਰੂਆਤ ਧਾਰਮਿਕ ਮੰਤਰਾਂ ਨਾਲ ਕੀਤੀ ਜਾਂਦੀ ਹੈ। ਰਾਜਨੀਤੀ ਧਰਮ ਸੱਤਾ ਦੀ ਖੇਡ ਹੈ ਤੇ ਦਲ ਬਲ ਤੇ ਆਧਾਰਿਤ ਹੁੰਦੀ ਹੈ ਪਰ ਸ਼ਾਸਕ ਸੱਤਾ ਦੇ ਨਸ਼ੇ ਵਿੱਚ ਵਿਰਕਸੇਦਾਰ ਕਬੂਲ ਕਰਨ ਲਈ ਤਿਆਰ ਨਹੀਂ ਹੁੰਦੇ। ਉਹ ਆਪਣੀ ਸੱਤਾ ਕਾਇਮ ਰੱਖਣ ਲਈ ਸਾਰੀ ਤਰ੍ਹਾਂ ਦੇ ਹੱਥ ਕੰਡੇ ਅਪਣਾਉਂਦੇ ਹਨ।

ਅੱਜ ਦੇ ਯੁੱਗ ਵਿੱਚ ਲੋੜ ਹੈ ਇਮਾਨਦਾਰ ਅਫ਼ਸਰਾਂ, ਕਰਮਚਾਰੀਆਂ ਅਤੇ ਦੇਸ਼ ਭਗਤ ਸੈਨਿਕਾਂ ਦੀ। ਪਰ ਸਾਡੇ ਦੇਸ਼ ਦੇ ਨੇਤਾ ਭ੍ਰਿਸ਼ਟਾਚਾਰ ਵਿੱਚ ਡੁੱਬੇ ਹੋਏ ਹਨ। ਜੇ ਇਹੀ ਹਾਲ ਰਿਹਾ ਤਾਂ ਅੰਦਰੂਨੀ ਕਲਿਹ (ਲੜਾਈਆਂ) ਦੇ ਕਾਰਨ ਚੀਨ ਤੇ ਪਾਕਿਸਤਾਨ ਆਪਣੇ ਸ਼ੜਯੰਤਰ ਵਿੱਚ ਸਫਲ ਹੋ ਕੇ ਸਾਡੇ ਦੇਸ਼ ਵਿੱਚ ਅਸ਼ਾਂਤੀ ਫੈਲਾ ਸਕਦਾ ਹੈ। ਜਿਸ ਦਾ ਸਿੱਟਾ ਇਹ ਹੋਵੇਗਾ ਕਿ ਦੇਸ਼ ਦਾ ਵਿਕਾਸ ਰੁਕ ਜਾਵੇਗਾ। ਅੱਜ ਸਾਡਾ ਰੁਪਇਆ ਡਾਲਰ ਦੇ ਮੁਕਾਬਲੇ ਕਾਫ਼ੀ ਕਮਜ਼ੋਰ ਹੋ ਗਿਆ ਹੈ। ਜਦਕਿ ਸਾਡੇ ਨੇਤਾ ਗਰੀਬੀ ਦੇ ਸੱਚੇ-ਝੂਠੇ ਅੰਕੜੇ ਪੇਸ਼ ਕਰ ਰਹੇ ਹਨ ਹੋਰ ਅਲਪ ਸੰਖਿਅਕਾਂ ਦੇ ਨਾਂ ਤੇ ਰਾਜਨੀਤੀ ਕਰ ਰਹੇ ਹਨ। ਇਕ ਗਠਬੰਧਨ ਸੱਤਾ ਬਚਾਉਣ ਵਿੱਚ ਲੱਗਾ ਹੋਇਆ ਹੈ ਤੇ ਦੂਸਰਾ ਸੱਤਾ ਹਾਸਿਲ ਕਰਨ ਵਿੱਚ ਪਰ ਕਿਸੇ ਕੋਲ ਜਨਤਾ ਤੇ ਦੇਸ਼ ਦੇ ਹਿੱਤਾਂ ਲਈ ਕੋਈ ਨੀਤੀ ਨਹੀਂ ਹੈ। ਇਹੀ ਹਾਲ ਰਿਹਾ ਤਾਂ ਸਾਡੇ ਦੇਸ਼ ਵਿੱਚ ਬਹੁਤ ਜਿਆਦਾ ਸੰਕਟ ਪੈਦਾ ਹੋ ਜਾਵੇਗਾ।

ਡਾ. ਜਸਪ੍ਰੀਤ ਕੌਰ ਮਾਨ
ਗੈਸਟ ਫੈਕਲਟੀ, ਪੰਜਾਬੀ

ਅਸਲੀ ਸੋਚ

ਅਮੀਰ ਮਾਂ-ਬਾਪ ਦੀ ਇਕਲੌਤੀ ਕੁੜੀ ਸੀ ਜਿਸ ਦੀ ਸਾਧਾਰਨ ਸੂਰਤ ਹੋਣ ਕਰਨ ਉਹ ਆਪਣੇ ਆਪ ਨੂੰ ਸੋਹਣੀ ਦਰਸਾਉਣਾ ਚਾਹੁੰਦੀ ਸੀ ਤੇ ਅੱਜ ਉਸ ਨੇ ਸੋਹਣੀ ਦਿਸਣ ਲਈ ਪੂਰੀ ਵਾਹ ਲਾ ਦਿੱਤੀ। ਉਸ ਦੇ ਚਮਚਿਆਂ ਨੇ ਉਸ ਦੇ ਰੂਪ ਦੀ ਤਾਰੀਫ਼ ਕੀਤੀ। ਕਿਸੇ - ਕਿਸੇ ਨੇ ਤਾਂ ਉਸ ਨੂੰ ਪਰੀ ਵੀ ਕਿਹਾ ਅੰਤ ਉਸ ਨੇ ਸਭ ਪਾਸਿਆਂ ਤੋਂ ਤਾਰੀਫ਼ ਹੁੰਦੀ ਵੇਖਕੇ ਆਪਣੇ ਆਪ ਨੂੰ ਸ਼ੀਸ਼ੇ ਵੱਲ ਵੇਖਣਾ ਚਾਹਿਆ ਪਰ ਸ਼ੀਸ਼ਾ ਆਪਣੀ ਆਦਤ ਅਨੁਸਾਰ ਅੱਜ ਵੀ ਸੱਚ ਵਿਖਾ ਰਿਹਾ ਸੀ। ਉਹ ਤਾਂ ਇਕ ਸਾਧਾਰਨ ਕੁੜੀ ਲੱਗ ਰਹੀ ਸੀ।

ਇਹ ਗੱਲ ਉਸ ਨੂੰ ਹਜ਼ਮ ਨਹੀਂ ਹੋਈ। ਉਸ ਨੇ ਗੁੱਸੇ ਚ ਆ ਕੇ ਸ਼ੀਸ਼ੇ ਨੂੰ ਕੰਧ ਨਾਲ ਮਾਰ ਦਿੱਤਾ। ਉਸ ਦੀ ਹੈਰਾਨੀ ਦੀ ਕੋਈ ਸੀਮਾ ਨਾ ਰਹੀ ਜਦ ਉਸ ਨੇ ਵੇਖਿਆ

ਕਿ ਧਰਤੀ ਉੱਤੇ ਪਇਆ ਇਕੱਲਾ-ਇਕੱਲਾ ਸ਼ੀਸ਼ੇ ਦਾ ਟੁਕੜਾ ਮੁਸਕੁਰਾਕੇ ਕਹਿ ਰਿਹਾ ਸੀ, ਜੀ ਮੈਂ ਲੱਖ ਵਿਖਾਉਣ ਦਾ ਸਮਰੱਥ ਤਾਂ ਅਜੇ ਵੀ ਹਾਂ।

ਸਿਮਰਨ ਕੌਰ
ਬੀਏ (ਪ੍ਰੋਗਰਾਮ) ਸਾਲ ਪਹਿਲਾ

ਅਹਿਮੀਅਤ

ਅਹਿਮੀਅਤ, ਇਕ ਸ਼ਬਦ ਹੈ,ਮਗਰ ਇਸ ਦਾ ਅਰਥ ਕਾਫ਼ੀ ਗਹਿਰਾ, ਕਿਸੇ ਦੀ ਅਹਿਮੀਅਤ ਸਮਝਣ ਲਈ ਲੋਕਾਂ ਨੂੰ ਸਾਰੀ ਜ਼ਿੰਦਗੀ ਲੱਗ ਜਾਂਦੀ ਹੈ। ਇਸ ਜ਼ਿੰਦਗੀ 'ਚ ਹਰ ਇਕ ਚੀਜ਼ ਦੀ ਅਹਿਮੀਅਤ ਹੈ, ਜਿਵੇਂ ਇਕ ਨਿਆਣਾ ਬੱਸ ਖੇਡ 'ਚ ਖ਼ੁਸ਼ ਰਹਿੰਦਾ ਤੇ ਤਦ ਬਚਪਨ ਕਿੰਨਾ ਸੋਹਣਾ ਹੁੰਦਾ ਹੈ, ਨਾ ਕੋਈ ਫ਼ਿਕਰ ਨਾ ਕੋਈ ਸੋਚਣੀ, ਮਗਰ ਇਕ ਛੋਟੇ ਜਿਹੇ ਨਿਆਣੇ ਨੂੰ ਉਹਦੇ ਬਚਪਨ ਦੀ ਅਹਿਮੀਅਤ ਨਹੀਂ ਪਤਾ। ਜਦ ਉਹ ਵੱਡਾ ਹੁੰਦਾ ਹੈ ਤੇ ਯਾਦ ਕਰਦਾ ਹੈ, ਤਦ ਉਹਨੂੰ ਆਪਣੇ ਬਚਪਨ ਦੀ ਅਹਿਮੀਅਤ ਦਾ ਅਹਿਸਾਸ ਹੁੰਦਾ ਹੈ, ਕਿ ਕਾਸ਼ ਆਪਣੇ ਬਚਪਨ ਦੇ ਦਿਨਾਂ 'ਚ ਮੁੜ ਸਕਦਾ। ਕਦੇ ਇਨਸਾਨ ਆਪਣੀ ਜਵਾਨੀ ਗ਼ਲਤ ਕੰਮਾਂ ਵਿੱਚ ਹੀ ਬਰਬਾਦ ਕਰ ਦਿੰਦਾ ਹੈ ਪਰ ਬਾਅਦ ਵਿਚ ਉਹਨੂੰ ਆਪਣੀ ਜਵਾਨੀ ਦੀ ਅਹਿਮੀਅਤ ਪਤਾ ਲਗਦੀ ਹੈ।

ਕਦੇ ਕਦੇ ਬੇਸ਼ਕੀਮਤੀ ਚੀਜ਼ਾਂ ਸਾਡੇ ਕੋਲ ਹੁੰਦੀਆਂ ਮਗਰ ਫਿਰ ਵੀ ਅਸੀਂ ਸਿਰਫ਼ ਸ਼ਿਕਾਇਤ ਕਰਦੇ ਹਾਂ। ਕਦੇ-ਕਦੇ ਲੋਕਾਂ ਨੂੰ ਆਪਣੇ ਮਾਂ-ਬਾਪ ਦੀ ਵੀ ਕੋਈ ਅਹਿਮੀਅਤ ਨਹੀਂ ਪਤਾ ਹੁੰਦੀ ਪਰ ਜਦ ਉਹ ਸਾਡੇ ਕੋਲ ਨਹੀਂ ਰਹਿੰਦੇ ਤੇ ਸਾਨੂੰ ਫੇਰ ਪਤਾ ਲਗਦਾ ਕਿ ਉਹਨਾਂ ਤੋਂ ਬਿਨਾਂ ਜ਼ਿੰਦਗੀ ਕੁਝ ਵੀ ਨਹੀਂ। ਲੋਕੀਂ ਤੇ ਇਹੋ ਜਿਹੇ ਵੀ ਨੇ ਜੋ ਰੱਬ ਦੀ ਅਹਿਮੀਅਤ ਨੂੰ ਵੀ ਨਹੀਂ ਜਾਣਦੇ। ਉਹਨੂੰ ਵੀ ਬੁਰਾ ਭਲਾ ਕਹੀ ਜਾਂਦੇ ਨੇ। ਵਾਹਿਗੁਰੂ ਨੇ ਸਾਨੂੰ ਏਨਾ ਸੋਹਣਾ ਜਨਮ ਦਿੱਤਾ, ਲੱਖਾਂ ਕਰੋੜਾਂ ਦਾ ਸਰੀਰ ਦਿੱਤਾ, ਰੁੱਖ ਦਿੱਤੇ, ਪਾਣੀ ਦਿੱਤਾ, ਹਵਾਵਾਂ ਦਿੱਤੀਆਂ, ਫੁੱਲ ਦਿੱਤੇ ਧਰਤੀ ਦਿੱਤੀ, ਰਿਸ਼ਤੇ ਦਿੱਤੇ। ਅਸੀਂ ਉਹਦੀ ਅਹਿਮੀਅਤ ਵੀ ਭੁੱਲ ਜਾਂਦੇ ਹਾਂ। ਮਗਰ ਇਨਸਾਨ ਹਰ ਚੀਜ਼ ਦੀ ਅਹਿਮੀਅਤ ਨੂੰ ਭੁੱਲ ਕੇ ਬੱਸ ਸ਼ਿਕਾਇਤ ਕਰ ਕੇ ਆਪਣੀ ਜ਼ਿੰਦਗੀ ਗੁਜ਼ਾਰ ਦਿੰਦਾ ਹੈ।

ਸਾਨੂੰ ਸਹੀ ਤਾਲੀਮ ਤੇ ਹਰ ਚੀਜ਼ ਤੇ ਹਰ ਬੰਦੇ ਦੀ ਅਹਿਮੀਅਤ ਨੂੰ ਸਮਝਣਾ ਚਾਹੀਦਾ ਹੈ, ਤਾਂ ਹੀ ਅਸੀਂ ਆਪਣੀ ਜ਼ਿੰਦਗੀ ਵਿਚ ਖ਼ੁਸ਼ ਰਹਿ ਪਾਵਾਂਗੇ।

ਮਨਪ੍ਰੀਤ ਕੌਰ
ਬੀਏ (ਪ੍ਰੋਗਰਾਮ) ਸਾਲ ਦੂਜਾ

ਅਰਦਾਸ

ਸੱਜਣ ਸਿੰਘ ਮੰਜੇ ਤੇ ਪਿਆ-ਪਿਆ ਜ਼ਿੰਦਗੀ ਦੇ ਰਿਸ਼ਤੇ ਦੀ ਭਾਲ 'ਚ ਗੁਆਚਿਆ ਪਿਆ ਸੀ। ਖੇਤੋਂ ਆਏ ਉਸ ਨੂੰ ਹਜੇ ਥੋੜ੍ਹਾ ਟਾਈਮ ਹੀ ਹੋਇਆ ਸੀ ਕਿ ਪੁਲਿਸ ਦੇ ਛਾਪੇ ਦੀ ਤਰ੍ਹਾਂ ਚਿੱਟੇ ਚੋਲਿਆਂ ਵਾਲੇ ਪੰਜ ਛੇ ਦਗੜ-ਦਗੜ ਕਰਦੇ ਉਹਦੇ ਵਿਹੜੇ ਵਿੱਚ ਆ ਵੜਗੇ। ਇਕ ਵਾਰ ਤਾਂ ਸੱਜਣ ਸਿੰਘ ਡਰ ਹੀ ਗਿਆ ਤੇ ਘਬਰਾਕੇ ਮੰਜੇ ਤੋਂ ਉੱਠਿਆ। ਸੱਜਣ ਸਿੰਘ ਦੇ ਬੋਲਣ ਤੋਂ ਪਹਿਲਾਂ ਹੀ ਮੁਖੀ ਬਾਬੇ ਨੇ ਦੋਵੇਂ ਹੱਥ ਸਿਰ ਤੋਂ ਉਤਾਂਹ ਕਰਕੇ ਉੱਚੀ ਜਿਹਾ ਕਿਹਾ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ ਗੁਰਮੁਖੋ, ਏਨੇ ਨੂੰ ਸੱਜਣ ਸਿਹੁੰ ਨੂੰ ਸਮਝ ਆ ਗਈ ਸੀ ਕਿ ਬਾਬੇ ਕਿਉਂ ਅਰਦਾਸ ਦੀ ਲੋੜ ਵਿੱਚ ਖੜ੍ਹੇ ਹੋ ਗਏ। ਅਰਦਾਸ ਦੇ ਨਾਂ ਤੇ ਬਾਬੇ ਨੇ ਕਦੀ ਵਾਰੀ ਹੱਥ ਬੇਰੀ ਨੂੰ ਤੇ ਕਦੀ ਵਾਰੀ ਧਰਤੀ ਨੂੰ ਹੱਥ ਜਿਹੇ ਲਾਏ। ਸੱਜਣ ਸਿੰਘ ਇਹ ਸਭ ਡਰਾਮਾਂ ਵੇਖਣ ਲਈ ਮਜਬੂਰ ਖੜ੍ਹਾ ਸੀ। ਅਰਦਾਸ ਦੇ ਡਰਾਮੇ ਤੋਂ ਬਾਅਦ ਮੁਖੀ ਬਾਬਾ ਬੋਲਿਆ, ਲੈ ਭਾਈ ਕਰਮਾਂ ਵਾਲਿਆ ਤੇਰੀ ਬੇਰੀ ਦੀ ਅਰਦਾਸ ਹੋ ਚੁੱਕੀ ਹੈ, ਗੁਰੂ ਦੇ ਲੰਗਰ 'ਚ ਤੇਰਾ ਹਿੱਸਾ ਵੀ ਪੈ ਗਿਆ ਹੈ, ਤੇਰੇ ਚੰਗੇ ਭਾਗਾਂ ਦਾ ਫਲ ਹੈ, ਬਾਬੇ ਦੇ ਇਨ੍ਹਾਂ ਕਹਿ ਜਿਆਂ ਹੀ ਦੋ ਚੇਲਿਆਂ ਨੇ ਬੇਰੀ ਨੂੰ ਤਕੜੇ ਹੋ ਕੇ ਹੱਥ ਪਾ ਲਏ ਤਾਂ ਸੱਜਣ ਸਿੰਘ ਉੱਠਿਆ ਠਹਿਰੋ, ਬੇਰੀ ਚੁੱਕਣ ਵਾਲੇ ਪਿੱਛੇ ਹੱਟ ਗਏ। ਸੱਜਣ ਸਿੰਘ ਨੇ ਪੈਂਡਾ ਤੈਅ ਕੀਤੀ ਪੈਰਾਂ 'ਚੋਂ ਜੁੱਤੀ ਲਾਹ ਲਈ, ਗਲ 'ਚ ਪਰਨਾ ਪਾ ਲਿਆ ਤੇ ਬਾਬਿਆਂ ਦੀ ਜੀਪ ਵੱਲ ਮੂੰਹ ਕਰਕੇ ਇਕ ਲੱਤ ਤੇ ਖੜ੍ਹਾ ਹੋ ਅਰਦਾਸ ਸ਼ੁਰੂ ਕਰ ਦਿੱਤੀ।

ਬਾਬਿਆਂ ਦੀ ਤਰ੍ਹਾਂ ਹੀ ਉਸ ਨੇ ਕਦੀ ਵਾਰੀ ਹੱਥ ਜੀਪ ਨੂੰ ਤੇ ਕਦੀ ਵਾਰੀ ਹੱਥ ਧਰਤੀ ਨੂੰ ਵੀ ਲਾਏ। ਅਰਦਾਸ ਤੋਂ ਬਾਅਦ ਸੱਜਣ ਸਿੰਘ ਨੇ ਗਰਜਵੀਂ ਆਵਾਜ਼ 'ਚ ਕਿਹਾ ਲਓ ਹੁਣ ਬਾਬਾ ਜੀ ਥੋਡੀ ਅਰਦਾਸ ਵੀ

ਪਰਵਾਨ ਕਰ ਲਈ ਹੈ । ਗੱਲ ਨੂੰ ਚਾਲੀ -ਪੰਜਾਹ ਭਰੀਦੇ ਆ ਰਹੇ ਹਨ। ਏਨਾ ਲਾਉਣ ਲਈ ਵੀ ਲੰਗਰ ਚ ਤੁਹਾਡਾ ਹਿਸਾ ਪੈ ਰਿਹਾ ਹੈ । ਹੁਣ ਏਦਾਂ ਕਰੋ ਮੇਰੀ ਅਰਦਾਸ ਵਾਲੀਆ ਚਾਰ ਪੌੜੀਆਂ ਜੀਭ ਤੋਂ ਥੱਲੇ ਲਾਹ ਦਿਉ।

ਇਨ੍ਹਾਂ ਸੁਣ ਕੇ ਸਾਰੇ ਹੀ ਭਾਇਆਂ ਦੇ ਮੂੰਹ ਤੋਂ ਹਵਾਇਆਂ ਉਡ ਗਈਆਂ, ਬਾਕੀ ਇਕ-ਦੂਜੇ ਦੇ ਮੂੰਹ ਵੱਲ ਵੇਖਣ ਲੱਗੇ। ਸੱਜਣ ਸਿੰਘ ਪਾਸੇ ਖੜ੍ਹਾ ਅਰਦਾਸ ਵੇਖ ਰਿਹਾ ਸੀ ।।

ਸਿਮਰਨ ਕੌਰ
ਬੀਏ (ਪ੍ਰੋਗਰਾਮ) ਸਾਲ ਪਹਿਲਾ

ਆਨਲਾਈਨ ਸਿੱਖਿਆ ਪ੍ਰਣਾਲੀ

ਆਨਲਾਈਨ ਸਿੱਖਿਆ, ਸਿੱਖਿਆ ਦਾ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਅਧਿਆਪਕ ਵਿਦਿਆਰਥੀ ਘਰ ਬੈਠੇ ਬੈਠੇ ਇੰਟਰਨੈੱਟ ਦੇ ਰਾਹੀਂ ਸਿੱਖਿਆ ਦੇ ਆਦਾਨ ਪ੍ਰਦਾਨ ਲਈ ਇਕ - ਦੂਜੇ ਨਾਲ ਜੁੜ ਸਕਦੇ ਹਨ। ਲੌਕਡਾਊਨ ਦੇ ਨਾਲ ਹੀ ਜਿਵੇਂ ਇਕ ਨਵੇਂ ਦੌਰ ਦਾ ਆਰੰਭ ਹੋਇਆ। ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਜਿਵੇਂ ਇਮਤਿਹਾਨ ਦੀ ਘੜੀ ਸ਼ੁਰੂ ਹੋ ਗਈ। ਕੋਵਿਡ - 19 ਨਾਂ ਦੀ ਬਿਮਾਰੀ ਨੇ ਸਭ ਕੁਝ ਠੱਪ ਕਰਵਾ ਦਿੱਤਾ। ਅਜਿਹੇ ਸਮੇਂ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ, ਇਸ ਸੰਦਰਭ ਵਿਚ ਆਨਲਾਈਨ ਸਿੱਖਿਆ ਪ੍ਰਣਾਲੀ ਦੀ ਭੂਮਿਕਾ ਬੇਹੱਦ ਅਹਿਮ ਰਹੀ ਹੈ। ਆਨਲਾਈਨ ਸਿੱਖਿਆ ਪ੍ਰਣਾਲੀ ਦੇ ਵਿਸ਼ਾਲ ਵਰਦਾਨ ਦੇ ਨਾਲ - ਨਾਲ ਕਈ ਫ਼ਾਇਦੇ ਅਤੇ ਨੁਕਸਾਨ ਵੀ ਹਨ, ਜੋ ਇਥੇ ਸਾਡੀ ਚਰਚਾ ਦਾ ਵਿਸ਼ਾ ਹਨ।

ਜੇ ਅਸੀਂ ਆਨਲਾਈਨ ਸਿੱਖਿਆ ਦੇ ਸਕਾਰਾਤਮਕ ਪਹਿਲੂਆਂ ਬਾਰੇ ਗੱਲ ਕਰੀਏ, ਆਨਲਾਈਨ ਸਿੱਖਿਆ ਪ੍ਰਬੰਧ ਵਿਚ ਅਧਿਆਪਕ ਵਿਦਿਆਰਥੀ ਦੂਰ ਤੋਂ ਦੂਰ ਅਤੇ ਲਗਾਤਾਰ ਕਿਸੇ ਵੀ ਸਮੇਂ ਸੰਪਰਕ ਵਿਚ ਰਹਿ ਸਕਦੇ ਹਨ। ਆਨਲਾਈਨ ਸਹਾਇਕ ਸਿੱਖਿਅਕ ਸਾਧਨਾਂ ਜਿਵੇਂ ਗੂਗਲ ਮੀਟ, ਵੈਬਸਾਈਟ ਚਿੱਤਰਾਂ, ਵੀਡੀਓ ਆਦਿ ਰਾਹੀਂ ਅਧਿਆਪਕ, ਆਨਲਾਈਨ ਅਧਿਆਪਨ ਨੂੰ ਹੋਰ ਵੀ ਰੌਚਕ ਅਤੇ ਸਰਲ ਬਣਾ ਸਕਦਾ ਹੈ। ਆਫਲਾਈਨ ਜਾਂ ਸਕੂਲਾਂ ਵਿਚ ਜਿਥੇ ਅਧਿਆਪਨ ਇਕ ਯੋਜਨਾਬੱਧ ਤਰੀਕੇ ਨਾਲ ਕੀਤਾ ਜਾਂਦਾ ਹੈ, ਉਥੇ ਹੀ ਆਨਲਾਈਨ ਅਧਿਆਪਨ ਵਿਚ ਇਕ ਲਚੀਲਾਪਣ ਆ ਜਾਂਦਾ ਹੈ। ਜਿਸ ਵਿਚ ਕਲਾਸ ਦੇ ਸਮੇਂ ਵਿਚ ਸਹੂਲਤ ਮੁਤਾਬਿਕ ਬਦਲਾਅ ਕੀਤਾ ਜਾ ਸਕਦਾ ਹੈ। ਸਮੇਂ ਦੇ ਨਾਲ-ਨਾਲ ਕਿਸੇ ਵੀ ਸਥਾਨ ਤੋਂ ਕਲਾਸ ਲਈ ਜਾ ਸਕਦੀ ਹੈ। ਬਸ ਮੋਬਾਇਲ, ਕੰਪਿਊਟਰ ਅਤੇ ਇੰਟਰਨੈੱਟ ਸਾਧਨਾਂ ਦਾ ਹੋਣਾ ਜ਼ਰੂਰੀ ਹੈ।

ਆਨਲਾਈਨ ਸਿੱਖਿਆ ਦੇ ਕਈ ਸਕਾਰਾਤਮਕ ਪਹਿਲੂ ਹੋਣ ਦੇ ਨਾਲ ਨਾਲ ਕਈ ਨਕਾਰਾਤਮਕ ਪੱਖ ਵੀ ਹਨ। ਆਫਲਾਈਨ ਕਲਾਸ ਵਿਚ ਅਧਿਆਪਕ ਵਿਦਿਆਰਥੀਆਂ ਦੇ ਨੈਤਿਕ ਅਤੇ ਵਿਹਾਰਿਕ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਵਿਦਿਆਰਥੀ ਤੇ ਉਸ ਦੇ ਮੁਲਾਂਕਣ ਦਾ ਵੀ ਅਧਿਐਨ ਕਰ ਸਕਦਾ ਹੈ ਪਰ ਆਨਲਾਈਨ ਅਧਿਆਪਨ ਵਿਚ ਇਹ ਸੰਭਵ ਨਹੀਂ। ਜਿਵੇਂ ਆਫਲਾਈਨ ਸਿੱਖਿਆ ਪ੍ਰਣਾਲੀ ਵਿਚ ਅਧਿਆਪਕ ਵਿਦਿਆਰਥੀਆਂ ਨਾਲ ਸਿੱਧੇ ਜੁੜਦੇ ਹਨ ਅਤੇ ਉਨ੍ਹਾਂ ਨੂੰ ਸਮਝ ਸਕਦੇ ਹਨ, ਵਿਦਿਆਰਥੀਆਂ ਦੀ ਕਿਰਿਆ ਪ੍ਰਤੀਕਿਰਿਆ, ਬੋਲ ਚਾਲ, ਹਾਵ ਭਾਵ, ਸਰੀਰਕ ਭਾਸ਼ਾ ਨੂੰ ਪ੍ਰਤੱਖ ਰੂਪ ਵਿਚ ਦੇਖ ਅਤੇ ਪੜ੍ਹ ਸਕਦੇ ਹਨ ਉਥੇ ਆਨਲਾਈਨ ਸਿੱਖਿਆ ਵਿਚ ਇਹ ਸੰਭਾਵਨਾ ਬਹੁਤ ਘੱਟ ਜਾਂਦੀ ਹੈ। ਕਈ ਵਾਰ ਚੰਗੇ ਅਤੇ ਤੇਜ਼ ਗਤੀ ਦੇ ਇੰਟਰਨੈੱਟ ਸਪੀਡ ਦੇ ਅਭਾਵ ਵਿਚ ਕਲਾਸ ਨਹੀਂ ਹੋ ਪਾਉਂਦੀ ਜਾਂ ਵਿਘਨ ਪੈ ਜਾਂਦਾ ਹੈ। ਆਨਲਾਈਨ ਅਧਿਆਪਨ ਵਿਚ ਵਿਦਿਆਰਥੀ ਜ਼ਿਆਦਾ ਗੰਭੀਰ ਅਤੇ ਅਨੁਸ਼ਾਸਿਤ ਨਹੀਂ ਰਹਿ ਪਾਉਂਦੇ। ਅਧਿਆਪਕ ਵਲੋਂ ਦਿੱਤੇ ਗਏ ਅਸਾਈਨਮੈਂਟ ਅਤੇ ਪ੍ਰਾਜੈਕਟਾਂ ਨੂੰ ਸਮੇਂ ਤੇ ਪੂਰਾ ਨਹੀਂ ਕਰ ਪਾਉਂਦੇ ਅਤੇ ਨਾ ਹੀ ਪ੍ਰਤੀਯੋਗਤਾ ਦਾ ਵੀ ਮਾਹੌਲ ਉਤਪੰਨ ਹੋ ਪਾਉਂਦਾ ਹੈ। ਵਿਵਹਾਰਕ ਸਿੱਖਿਆ ਦੇ ਅਭਾਵ ਕਾਰਨ ਵਿਦਿਆਰਥੀਆਂ ਵਿਚ ਉਤਸ਼ਾਹ ਦੀ ਆਮ ਤੌਰ ਤੇ ਕਮੀ ਵੇਖੀ ਜਾ ਸਕਦੀ ਹੈ।

ਆਨਲਾਈਨ ਸਿੱਖਿਆ ਦੇ ਕਈ ਨੁਕਸਾਨ ਅਤੇ ਫ਼ਾਇਦੇ ਹੋਣ ਦੇ ਬਾਵਜੂਦ ਵੀ ਕੋਰੋਨਾ ਕਾਲ ਵਿਚ ਆਨਲਾਈਨ ਸਿੱਖਿਆ ਪ੍ਰਬੰਧ ਨੇ ਵਿਦਿਆਰਥੀਆਂ ਅਤੇ ਸਿੱਖਿਅਕ ਅਦਾਰਿਆਂ ਦੀ ਬਹੁਤ ਸਹਾਇਤਾ

ਕੀਤੀ ਹੈ। ਜਿਸ ਕਾਰਨ ਇਸ ਔਖੇ ਸਮੇਂ ਵਿੱਚ ਵੀ ਸਿੱਖਿਆ ਦਾ ਆਦਾਨ-ਪ੍ਰਦਾਨ ਨਿਰੰਤਰ ਚੱਲਦਾ ਰਿਹਾ ਅਤੇ ਉਸੇ ਗਤੀਸ਼ੀਲਤਾ ਨਾਲ ਚੱਲ ਰਿਹਾ ਹੈ। ਬੇਸ਼ਕ ਆਨਲਾਈਨ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਅਧੀਨ ਬਹੁਤ ਕੁਝ ਛੁੱਟ ਗਿਆ ਪ੍ਰਤੀਤ ਹੁੰਦਾ ਹੈ :- ਜਿਵੇਂ ਚੌਕ, ਡਸਟਰ, ਬਲੈਕਬੋਰਡ, ਵਿਦਿਆਰਥੀ ਦੀਆਂ ਸ਼ਰਾਰਤਾਂ, ਛੁੱਟੀ - ਮਿੱਠੀ ਨੋਕ ਝੋਕ, ਚੰਗੇ ਸੰਵਾਦ, ਗਰੁੱਪ ਡਿਸਕਸ਼ਨ ਆਦਿ ਪਰ ਫਿਰ ਵੀ ਆਨਲਾਈਨ ਸਿੱਖਿਆ ਪ੍ਰਣਾਲੀ ਅਧੀਨ ਅਧਿਆਪਕ ਲਗਾਤਾਰ ਬੱਚਿਆਂ ਦੇ ਬਹੁ-ਮੁਖੀ ਵਿਕਾਸ ਨੂੰ ਨਿਰੰਤਰ ਗਤੀਸ਼ੀਲ ਰੱਖਣ ਲਈ ਯਤਨਸ਼ੀਲ ਹਨ।

ਡਾ ਮੀਨਾਕਸ਼ੀ
ਗੈਸਟ ਫੈਕਲਟੀ, ਪੰਜਾਬੀ

ਭੰਡਿ ਜੰਮੀਐ ਭੰਡਿ ਨਿੰਮੀਐ

ਔਰਤ ਜੰਮਦੀ ਨਹੀਂ ਬਣਾਈ ਜਾਂਦੀ ਹੈ, ਔਰਤ: ਕੀ ਪਰਿਭਾਸ਼ਾ ਹੋ ਸਕਦੀ ਹੈ ਇਸ ਸ਼ਬਦ ਦੀ? ਇਕ ਮਨੁੱਖੀ ਜੀਵ: ਜਿਸਨੂੰ ਔਰਤ ਸ਼ਬਦ ਨਾਲ ਚਿੱਤ੍ਰਿਤ ਕੀਤਾ ਗਿਆ ਹੈ, ਔਰਤ: ਔਰਤ ਇਕ ਜਾਤਕ ਹੈ, ਅੰਡਾ ਬਣਾਉਣ ਵਾਲੀ ਹੈ ਅਤੇ ਇਕ ਔਰਤ ਹੈ ਇਹ ਸ਼ਬਦ ਬਹੁਤ ਹਨ, ਉਸਨੂੰ ਪਰਿਭਾਸ਼ਿਤ ਕਰਨ ਲਈ, ਸਿਮੋਨ ਦੀ ਬੁਵਆਰ ਦਾ ਇਹ ਕਥਨ ਸਾਡਾ ਧਿਆਨ ਬਾਰ ਬਾਰ ਆਪਣੇ ਵੱਲ ਖਿੱਚਦਾ ਹੈ।

ਸਮਾਜ ਦਾ ਅੱਧਾ ਹਿੱਸਾ ਬਾਕੀ ਅੱਧਿਆਂ ਵਾਂਗ ਕਿਉਂ ਨਹੀਂ ਜੀਅ ਸਕਦਾ? ਆਪਣੀ ਮਰਜ਼ੀ ਨਾਲ, ਆਪਣੇ ਢੰਗ, ਬਿਨਾਂ ਡਰ, ਬਿਨਾ ਭੇੜ ਦੇ। ਆਖਿਰ ਕਿਉਂ ਅੱਧਾ ਹਿੱਸਾ (ਮਰਦ) ਸ੍ਰੇਸ਼ਠ ਅਤੇ ਅੱਧਾ ਹੀਣ ਹੈ! ਮਾਤਰ ਪ੍ਰਧਾਨ ਤੋਂ ਪਿਤਾ ਪ੍ਰਧਾਨ ਸਮਾਜ ਵਿੱਚ ਹੋਏ ਖ਼ਤਰਨਾਕ ਬਦਲਾਅ ਨੇ ਔਰਤ ਨੂੰ ਦੁਜੈਲੇ ਸਥਾਨ ਤੇ ਕੇਵਲ ਧੱਕਿਆ ਹੀ ਨਹੀਂ ਸਗੋਂ ਹੌਲੀ-ਹੌਲੀ ਹੀਣ ਤੋਂ ਹੀਣ, ਮਾਨਵੀ ਜੀਵ ਤੋਂ ਉਪਭੋਗ ਦੀ ਵਸਤੂ ਬਣਾਉਣ ਲਈ ਧੱਕਦਾ ਹੀ ਚਲਾ ਗਿਆ। ਵੇਦਾਂ, ਉਪਨਿਸ਼ਦਾਂ, ਧਰਮ ਸੂਤਰਾਂ, ਇਤਿਹਾਸ (ਤੁਲਸੀ ਦਾਸ - ਢੋਰ ਗਵਾਰ ਸ਼ੂਦਰ ਪਸ਼ੂ ਨਾਰੀ, ਏ ਸਭ ਤਾੜਨ ਕੇ ਅਧਿਕਾਰੀ), ਨਾਥਾਂ ਜੋਗੀਆਂ, ਭਗਤਾਂ ਕਿੱਸਾਕਾਰਾਂ ਨੇ ਕਮਅਕਲ, ਪਾਪਣ, ਡਾਇਣ, ਬੁਰੀ ਮੱਤ ਵਾਲੀ, ਪੈਰ ਦੀ ਜੁੱਤੀ ਵਰਗੇ ਨਾਵਾਂ ਨਾਲ ਪੁਕਾਰਿਆ। ਪਰ ਏਹੋ ਜਿਹੇ ਇਸਤਰੀ ਵਿਰੋਧੀ ਮਾਹੌਲ ਅੰਦਰ ਗੁਰੂ ਨਾਨਕ ਦਾ ਸਭ ਨੂੰ ਵੰਗਾਰਨਾ ਕਿਸੇ ਕ੍ਰਾਂਤੀ ਤੋਂ ਘੱਟ ਨਹੀਂ ਸੀ ਜਦੋਂ ਉਨ੍ਹਾਂ ਨੇ ਕਿਹਾ -

"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"

ਕੀ ਕਦੇ ਕਿਸੇ ਨੇ ਸੋਚਿਆ ਸੀ ਕਿ ਇਸ ਔਰਤ ਦਾ ਵੀ ਕੋਈ ਖ਼ਾਸ ਦਿਨ ਦੁਨੀਆਂ ਭਰ ਵਿੱਚ ਮਨਾਇਆ ਜਾ ਸਕਦਾ ਹੈ? ਸ਼ਾਇਦ ਨਹੀਂ। ਪਰ ਜਦੋਂ ਕਲੇਰਾ ਜੈਟਕਿਨ, ਰੋਜ਼ਾ ਲਕਜ਼ਮਬਰਗ, ਕੇਟ ਡੰਕਰ, ਪਾਉਲਾ ਥੀਡ ਵਰਗੀਆਂ ਔਰਤਾਂ ਨੇ ਵੋਟ ਦਾ ਅਧਿਕਾਰ ਤੇ ਬਰਾਬਰੀ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਤਾਂ ਵੱਡੀ ਪੱਧਰ ਤੇ ਭਰਵਾਂ ਹੁੰਗਾਰਾ ਮਿਲਿਆ। ਪਰ ਔਰਤਾਂ ਦੀ ਸੰਘਰਸ਼ਾਂ ਵਿੱਚ ਆਮਦ ਤੋਂ ਸੱਤਾਵਾਦੀ ਧਿਰਾਂ ਅਤੇ ਮਰਦਾਂ ਦੀ ਸੋਚ ਅੰਦਰ ਵੀ ਹਲਚਲ ਹੋਣ ਲੱਗੀ। ਦਾਵੇ ਦੇ ਬਾਵਜੂਦ ਆਪਣੀ ਆਵਾਜ਼ ਬੁਲੰਦ ਕਰਨਾ ਪਿਤ੍ਰੀ ਸਮਾਜ ਲਈ ਹਮੇਸ਼ਾ ਹੀ ਹਲੂਣਾ ਦੇ ਰੱਖਣ ਵਾਲੀਆਂ ਘਟਨਾਵਾਂ ਵਿੱਚ ਸ਼ੁਮਾਰ ਰਿਹਾ ਹੈ। ਆਖਿਰ 1996 ਵਿੱਚ ਸੰਯੁਕਤ ਰਾਸ਼ਟਰ ਸੰਘ ਵਲੋਂ 8 ਮਾਰਚ ਨੂੰ ਅੰਤਰ-ਰਾਸ਼ਟਰੀ ਮਹਿਲਾ ਦਿਵਸ ਵਜੋਂ ਮਾਨਤਾ ਮਿਲੀ ਜਿਸਦਾ ਥੀਮ ਸੀ 'ਅਤੀਤ ਦਾ ਜਸ਼ਨ ਅਤੇ ਭਵਿੱਖ ਲਈ ਯੋਜਨਾ'. ਪਰ ਇੱਕੀਵੀਂ ਸਦੀ ਦੇ 20ਵੇਂ ਅਤੇ 21ਵੇਂ ਵਰੇ ਵਿੱਚ ਜਿਵੇਂ ਥੀਮ ਸੀ 'I AM GENERATION EQUALITY : REALIZING WOMEN'S RIGHTS' ਅਤੇ 'WOMEN IN LEADERSHIP : ACHIEVING AN EQUAL FUTURE IN A COVID-19 WORLD' ਉਵੇਂ ਹੀ ਇਸ ਸਮੇਂ ਭਾਰਤ ਅੰਦਰ ਚਲ ਰਹੇ ਸੰਘਰਸ਼ ਦੌਰਾਨ ਜਿੱਥੇ ਔਰਤਾਂ ਦੀ ਜ਼ਿੰਦਗੀ ਵਿੱਚ ਇਕ ਬਹੁਤ ਵੱਡਾ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ ਉੱਥੇ ਹੀ ਸਿਆਸੀ ਗਲਿਆਰਿਆਂ ਵਿੱਚ ਵੀ ਘੁਟਨ ਵਧਦੀ ਜਾ ਰਹੀ ਹੈ। ਨਵਕਿਰਨ ਰੰਜਨ ਸਿੰਘ ਦੀਆਂ ਇਹ ਸਤਰਾਂ ਅਜੋਕੀ ਸਥਿਤੀ ਦੀ ਬਾਖੂਬੀ ਝਲਕ ਪੇਸ਼ ਕਰਦੀਆਂ ਹਨ।

ਲੜਕੀਆਂ ਘਰ ਸੇ ਬਾਹਰ ਨਿਕਲ ਰਹੀ ਹੈਂ
ਯੇਹ ਹਮਾਰੇ ਸਮੇ ਕੀ ਸਬ ਸੇ ਮਹੱਤਵਪੂਰਣ ਖ਼ਬਰ
ਹੈ, ਲੜਕੀਆਂ ਬੋਲਨੇ ਲਗੀ ਹੈਂ
ਯੇਹ ਹਮਾਰੇ ਸਮੇ ਕੀ ਸਬਸੇ ਸੁਹਾਨੀ ਖ਼ਬਰ ਹੈ,

ਲੜਕੀਆਂ ਘਰਨੇ ਮਰ ਰਹੀ ਹੈਂ
ਏਹ ਹਮਾਰੇ ਸਮੇਂ ਕੀ
ਸਬਸੇ ਚੌਂਕਾਨੇ ਵਾਲੀ ਖ਼ਬਰ ਹੈ।
ਲੜਕੀਆਂ ਅਪਣੇ ਹਕ ਕੇ ਲੀਏ ਲੜਨੇ ਲਗੀ ਹੈਂ
ਏਹ ਹਮਾਰੇ ਸਮੇਂ ਕੀ ਸਬਸੇ ਭਿਆਨਕ ਖ਼ਬਰ ਹੈ।

ਆਖ਼ਿਰ ਕਿਉਂ ਏਨਾ ਡਰ ਲਗਦਾ ਹੈ ਔਰਤਾਂ ਦੀ ਸ਼ਮੂਲੀਅਤ ਤੋਂ ਹਾਕਮ ਧਿਰਾਂ ਨੂੰ? 2019 ਵਿਚ ਭਾਰਤੀ ਯੂਨੀਵਰਸਿਟੀ ਦੀਆਂ ਦੋ ਵਿਦਿਆਰਥਣਾਂ ਰਾਸ਼ਿਦਾ ਸ਼ੱਬੀਰ ਹੁਸੈਨ ਅਤੇ ਰੂਮੀਸਾ ਲਖਾਨੀ ਵਲੋਂ ਔਰਤ ਦੇ ਹੋਣ ਸੰਬੰਧੀ ਬਣਾਏ ਇਕ ਪੋਸਟਰ ਨੇ ਰੂੜ੍ਹੀਵਾਦੀ ਸੋਚ ਨੂੰ ਵੰਗਾਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਅੱਜ ਜਦੋਂ ਪੂਰਾ ਵਿਸ਼ਵ NEW WORLD ORDER ਦੇ ਸ਼ਿਕੰਜੇ ਵਿਚ ਫਸਦਾ ਜਾ ਰਿਹਾ ਹੈ ਤਾਂ ਉਸ ਵੇਲੇ ਬੇਬੇ ਨਾਨਕੀ, ਮਾਤਾ ਖੀਵੀ, ਮਾਤਾ ਗੰਗਾ, ਮਾਤਾ ਨਾਨਕੀ, ਮਾਤਾ ਗੁਜਰ ਕੌਰ, ਮਾਤਾ ਸੁੰਦਰੀ, ਮਾਈ ਭਾਗੋ ਦੀਆਂ ਵਾਰਿਸਾਂ ਨਾਨਕ, ਤੇਗ ਬਹਾਦਰ ਤੇ ਗੋਬਿੰਦ ਦੇ ਵਾਰਿਸਾਂ ਦੇ ਨਾਲ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲ ਜਿੱਤ ਦਾ ਹੋਕਾ ਦਿੰਦੀਆਂ ਸਵੈ ਨਿਰਭਰ ਹੋਣ ਵਲ ਕਦਮ ਵਧਾ ਚੁਕੀਆਂ ਹਨ। ਉਚੀ ਸੋਚ, ਹੌਂਸਲੇ, ਲਿਆਕਤ ਨਾਲ ਭਰੀਆਂ ਦਾਦੀਆਂ, ਮਾਵਾਂ, ਧੀਆਂ ਆਪਣੇ ਪਿਉ, ਪਤੀ, ਪੁੱਤਾਂ ਨਾਲ ਦਿੱਲੀ ਜਾ ਕੇ ਦਿੱਲੀ ਦੀਆਂ ਬਰੂਹਾਂ ਤੇ ਆਪਣੇ ਸਵੈਮਾਣ, ਆਪਣੀਆਂ ਅਗਲੀਆਂ ਨਸਲਾਂ ਦੇ ਸੁਰੱਖਿਅਤ ਭਵਿੱਖ ਅਤੇ ਚੰਗੀ ਸਮਾਜ ਲਈ ਸੰਘਰਸ਼ ਲੜ ਰਹੀਆਂ ਸਨ ਤੇ ਜਿੱਤਾਂ ਦਾ ਸਾਰ ਦੇ ਰਹੀਆਂ ਸਨ। ਦੇਸ਼-ਵਿਦੇਸ਼ ਤੋਂ ਗ੍ਰੇਟਾ ਥਨਬਰਗ, ਅਮੈਂਡਾ ਸਰਨੀ, ਮੀਨਾ ਹੈਰਿਸ ਵਰਗੀਆਂ ਧੀਆਂ ਜਿਹਨਾਂ ਦੇ ਬੋਲਾਂ ਤੋਂ ਸਾਰੀ ਮਰਦਾਵੀਂ ਸੋਚ ਨਾਲ ਲਬਰੇਜ਼ ਹਾਕਮ ਧਿਰਾਂ ਦੀ ਰਾਤਾਂ ਦੀ ਨੀਂਦ ਹਰਾਮ ਹੁੰਦੀ ਹੈ। 8 ਮਾਰਚ 2021 ਰਾਜਧਾਨੀ ਦੀਆਂ ਬਰੂਹਾਂ ਤੇ ਦੇਸ਼ ਦੀਆਂ ਔਰਤਾਂ ਦੇ ਇਕੱਠ ਇਤਿਹਾਸਿਕ ਹੋ ਨਿਬੜਿਆ। ਚਾਰੇ ਪਾਸੀਂ ਔਰਤ ਮੁਕਤੀ ਦਿਵਸ ਦੇ ਉੱਚੇ ਨਾਹਰੇ ਹਰੇ ਸਨ। ਲਖਵੀਰ ਕੌਰ ਦਾ ਕਹਿਣਾ ਸੀ ਔਰਤ ਦਿਵਸ ਅਸਲ ਵਿਚ ਉਸ ਦਿਨ ਮਨਾਇਆ ਜਾਵੇਗਾ ਜਦੋਂ ਐਸਿਡ ਅਟੈਕ ਬੰਦ ਹੋਣਗੇ, ਜਦੋਂ ਰੇਪ ਬੰਦ ਹੋਣਗੇ, ਔਰਤਾਂ ਨੂੰ ਉਹਨਾਂ ਦੀ ਕਿਸਮਤ ਉੱਪਰ ਨਹੀਂ ਛੱਡਿਆ ਜਾਵੇਗਾ ਸਗੋਂ ਬਰਾਬਰ ਦੇ ਹੱਕ ਦਿੱਤੇ ਜਾਣਗੇ ਅਤੇ ਜਾਗਰੂਕਤਾ ਆਪਣੇ ਘਰਾਂ ਤੋਂ ਸ਼ੁਰੂ ਕਰਨੀ ਪਵੇਗੀ।

ਨੈਪੋਲੀਅਨ ਨੇ ਕਿਹਾ ਸੀ, 'GIVE ME GOOD MOTHERS AND I SHALL GIVE YOU BETTER NATION.'

ਹੁਣ ਔਰਤ ਨੂੰ 'ਅਬਲਾ' ਬਣਾਇਆ ਕਿਵੇਂ ਜਾਂਦਾ ਹੈ? ਇਸ ਦਾ ਉੱਤਰ ਤਾਂ ਇਹੀ ਹੈ ਕਿ ਮਰਦ ਪ੍ਰਧਾਨ ਸਮਾਜ ਅੰਦਰ ਪੰਛੀਆਂ ਦੀ ਤਰ੍ਹਾਂ ਹੀ ਔਰਤ ਨੂੰ ਚਾਰਦੀਵਾਰੀ ਅੰਦਰ, ਚਾਰਦੀਵਾਰੀ ਅੰਦਰ ਨਹੀਂ ਤਾਂ ਫਿਰ ਪਰਦੇ ਵਿਚ ਰੱਖ ਲਿਆ ਜਾਵੇ ਅਤੇ ਔਰਤ ਨੂੰ ਬਰਾਬਰਤਾ ਦਾ ਦਰਜਾ ਨਾ ਦੇ ਕੇ 'ਗੈਰ-ਮਹੱਤਤਾ' ਵਾਲੇ ਬੰਧਨ ਵਿਚ ਬੰਨ੍ਹ ਦਿੱਤਾ ਜਾਵੇ। ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਔਰਤ ਫਿਰ ਤੋਂ 'ਅਬਲਾ' ਬਣ ਜਾਵੇ ਤੇ ਇਵੇਂ 'ਅਬਲਾ' ਬਣ ਕੇ ਹੀ ਆਪਣੀ ਸਾਰੀ ਜ਼ਿੰਦਗੀ ਕੱਟਦੀ ਰਹੀ। ਪਰ ਹੁਣ ਔਰਤ 'ਅਬਲਾ' ਨਹੀਂ। ਇਹ ਔਰਤਾਂ ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਦੇਸ਼ ਦੇ ਨਵ-ਨਿਰਮਾਣ ਵਿਚ ਆਪਣਾ ਅਹਿਮ ਯੋਗਦਾਨ ਪਾ ਰਹੀਆਂ ਹਨ। ਹੁਣ ਉਸ ਨੂੰ ਪਤਾ ਹੈ ਕਿ ਇਸ ਮਰਦ ਪ੍ਰਧਾਨ ਸਮਾਜ ਕੋਲੋਂ ਆਪਣੇ ਹੱਕ ਹਕੂਕ ਕਿਵੇਂ ਲੈਣੇ ਹਨ। ਦੁਨੀਆਂ ਵਿਚ ਔਰਤਾਂ ਦੀ ਦੂਸਰੀ ਪਾਰੀ ਨੂੰ ਵੇਖਦੇ ਹੋਏ ਤੰਦਰੁਸਤ ਸਮਾਜ ਦੀ ਆਸ ਬੱਝ ਰਹੀ ਹੈ। ਆਓ ਸੋਚ ਬਦਲੀਏ ਤੇ ਇਕ ਵਾਰ ਫਿਰ ਤੋਂ ਔਰਤ/ਸ਼ਕਤੀ ਦੁਆਰਾ ਸਮਾਜ ਦੇ ਨਵ-ਨਿਰਮਾਣ ਵਿਚ ਕਦਮਾਂ ਨਾਲ ਕਦਮ ਮਿਲਾ ਕੇ ਚੱਲਣ ਦਾ ਪ੍ਰਣ ਕਰੀਏ।

ਡਾ. ਸਿਮਰਨ ਸੇਠੀ
ਗੈਸਟ ਫੈਕਲਟੀ, ਪੰਜਾਬੀ

Academic
And
Extral Curicular
Activities

(2021-2022)

Number of Students

At present, the centre has 278 students for BA Prog. and 139 students for B.Com. in the first year, 229 students for BA Prog. and 181 students for B.Com. in the second year and 296 students for BA Prog. and 130 students for B.Com. for the final year. Here is a detailed glimpse of the various academic and cultural activities held at the centre in the Academic Year of 2021-2022.

Orientation Program

The session unfurled with an orientation program for the students on January 2, 2022 at 11:00 AM on Sunday at Mata Sundri College, NCWEB centre affiliated to the University of Delhi. The program started with prayer by Gursimran Kaur, final year student of B.Com. After that, the teacher in-charge Dr. Indu Kumari addressed the students. She welcomed the freshers and provided information about various academic and co-cultural activities going on throughout the year. Not only did she clarify different problems of the students in the context of academic activities but also gave detailed information on various topics related to time-table, attendance, assignment & examination.

During the session, the students got to know that, along with academic activities, various cultural and sports activities are also organized in the centre and the centre also publishes an annual e-magazine named 'Aparajita' where, both students and faculties alike, get an equal opportunity to publish their self-composed insights.

Webinar on Importance of Ecosystem in Environment

Non-Collegiate Women Education Board in collaboration with Mata Sundri College for Women celebrated the World Environment Day on 5th June by organising a webinar on the topic '**Importance of Ecosystem in Environment**'. The primary speaker of the webinar was **Dr. Uzma Nadeem** of EVS Department, Mata Sundri College for Women. Webinar was graced by the humble presence of **Prof. Harpreet Kaur (Principal, Mata Sundri College for**

Women) and **Dr. Indu Kumari** (Teacher-In-Charge of the centre). Webinar was also overwhelmed by motivating presence of teachers and students of the centre.

Dr. Uzma Nadeem enriched the knowledge of the audience by further elaborating the topic '**Importance of Ecosystem in Environment'.** She started with explaining the meaning of ecosystem and also the causes and results of its degradation. She elaborated in depth on UN's target of restoring our ecosystem under the campaign '**Generation Restoration'**. She highlighted how an individual can also contribute towards 'ecosystem restoration' through 3 R's which are- '**Reimagine, Recreate and Restore**'.

International Yoga Day Celebration

Mata Sundri College for Women with Non-Collegiate Women's Education Board celebrated **International Yoga Day** on 21st June 2021 by organising a fabulous event on Google meet. The meet received an overwhelming participation from teachers and students of the centre. The event was graced by the presence of honourable director of NCWEB, **Prof. Geeta Bhatt**, **Dr. Uma Shankar**, **Prof Harpreet Kaur** and **Dr Indu Kumari**. Yoga day celebration was also ornated by the presence of Yoga expert **Ms Deepanjli** (National Player, Gold Medallist in All India Inter University Yoga Championship).

Deepanjli stressed on the need of constant 'Abhyasa' and discipline for harnessing the benefits of Yoga. She explained how Maharishi Patanjali gave the doctrines of Yoga in his Yoga Sutra and made Yoga a timeless jewel. Yoga is about extracting mental peace through investment in physical health.

World Wetland's Day Celebration

The World Wetlands Day (2nd February) was celebrated under the banner of the Eco-Club, Mata Sundri NCWEB Centre. Students got an opportunity to learn the importance of the Wetlands, in particular, and the concerns related to environmental conservation, in general. Students from all streams were also invited to participate in the poetry writing and poster making competition. The meeting began with the madam TIC, Dr. Indu Kumari's addressing all the attendees and motivating the spirits of the participants. The opening address was followed by Dr. Sumant Kumar's detailed presentation on the different aspects of wetlands and the general awareness about our ecosystem and its conservation. Through a slide presentation, Dr. Sumant focused on the types of wetlands, the classic case studies of certain wetland conservations, and also presented a list of the major wetlands in India. The presentation has been the enlightening part of the meet, and how such introduction can lead to further curiosities on the student's part. The presentation was followed by an online poetry competition and a poster-Making competition was organised for the students from all the courses and years. Students were asked to submit their creative posters on the theme of the day. For the poetry competition, a total of six students participated.

Surya Namaskar Yagya Program

'Surya Namaskar Yagya' was organized by the Mata Sundari College for Women Centre of Non-Collegiate for Women Education Board (NCWEB) on 30th January 2022, Sunday. On the occasion of 'Azadi Ka Amrit Mahotsav', This event was held under the guidance of Dr. Sushma Aggarwal of Laxmibai College and the Principal of the college, Prof. Harpreet Kaur. The

program started with the welcome address of Dr. Indu Kumari, TIC of NCWEB centre. Throwing a brief light on the importance of yoga for a healthy life and advised everyone to do yoga regularly. After that Dr. Sushma Aggarwal underlined the important role of yogasanas for all kinds of physical, mental and spiritual progress; not only spoke with the help of many references, but practically everyone involved in the program while presenting the yogasanas in the right form. Students and professors were also urged to keep doing it simultaneously in online form.

In the main part of the program Surya Namaskar was done in the frequency of thirteen. Dr. Sushma Aggarwal first introduced the students and professors present with the nuances of each asana of Surya Namaskar and then also discussed the precautions to be taken while doing yoga. The event was invigorating with the active participation of all the participants involved in the program.

Antarrashtriya Matribhasha Diwas

NCWEB centre of Mata Sundri College, University of Delhi conducted a digital celebration of Antarrashtriya Matribhasha Diwas through Google Meet on 27th February 2022. The event witnessed an overwhelming participation of students and faculties. The occasion was graced with the presence of the head of the institution Prof. (Dr.) Harpreet Kaur, Teacher-in-charge Dr. Indu Kumari and Prof. (Dr.) Nand Kishore, the chief guest of this auspicious and enlightening event.

The chief guest familiarized the participants with the importance of our Matribhasha and how one must use it with dignity. He lectured the students describing the history and etymology of Hindi language and its expansive usage in our everyday lives.

Extra-Curricular Activities

Extra-curricular activities have been part and parcel of the education system. This has helped students realize their hidden talents and the Organization to identify and mold them at a very young age. Mata Sundri College for Women, NCWEB recently conducted competitions on various events to bring out the hidden talents in the students.

Mehndi Competition

Mehndi Competition saw the maximum participation. Every hand turned into a Mehndi art reminding one of the traditions dating back centuries.

Rangoli Competition

Rangoli was another colorful event of the day. Various criteria like creativity, neatness, thematic representation etc. were adopted by the judges to narrow down the winners.

Poster Competition

Poster is a large sheet of paper that can be used for decoration, conveying message, etc. Creative posters grab the attention of the audience and

also conveys messages in a unique way. Participation in this event was huge and every student showcased creativity in a wonderful way.

Best Out of Waste

Accumulation of waste is a universal problem and India with a large and rising population has to play a major role in this field in the coming years. As a part of awareness generation and creative use of waste materials, the college conducted this competition. We were surprised to see some of the results produced by the students. We believe that each of these students turn out to be torch bearers of prudent use of resources and follow the goal of '**REDUCE, REUSE & RECYLCE**'

Poetry Competition

Poetry evokes a sense of emotion and experience which other forms of art may find difficult to replicate. The poetry competition also observed some fine presentations and participation.

Debate Competition

Debating skill is considered essential for critical and quick thinking. A great leader is often a good debater. Debate highlights the depth of reading, arrangement and presentation of the students.

Extempore Competition : Solo Singing

Essay Writing

An essay is a concise and precise arrangement of logical arguments. The ability to write is crucial in most industries.

Shabad Kirtan

No program is complete without the full cooperation of the students, the teaching and non-teaching members. The union members made the function run smoothly. We believe such extra-curricular activities conducted in the college would steadily add more talent into this sector. With the world adopting more of digital technologies, we believe the students who competed in the fest would reach global audience soon. We extend our warm wishes to all the students who made it a memorable event.

Sports Day Programme (8th May 2022)

Hunting and gathering have been part and parcel of human evolution. One can also trace sports and games history with hunting and warfare. However, sports and games have evolved in modern times, keeping entertainment and overall well-being in the picture. Sports period used to be the period most children looked forward to in the day. However, as human beings age, sports and games take a back seat in their life. This has also been attributed to the declining health of the population. Team spirit and sportsmanship are becoming vital in every sector of the economy. Mata Sundri College for women (NCWEB) recently held Sports Day, which saw good participation from students. We believe these sports, games, and sportsmanship would help them mould their character and contribute to society along with improving physical and mental health.

Teaching and Non-Teaching staff Lemon Race

This was one of the most sought-after events of the day whereby the students gave their best timings in 100 meters. The race favoured the fastest.

Sack Race

Lemon Race

Leg Race

This is a team event that consists of two-member teams. Here the legs of adjacent individuals are tied, and they have to run a specific distance.

Relay Race

Relay race is a spectator sport whereby the spectator sees the coordination and thrust in the race. Each participant in the team gives their best, and the accumulated individual achievements help the team win. Thus, this sport also promotes team spirit.

No program is complete without the full cooperation of the students, the teaching, and non-teaching members.

Sport is mostly liked to the Olympics. The Olympic motto in Latin is "**Citius, Altius, Fortius - Communiter**" which translates in English as "**Faster, Higher, Stronger-Together**." This sports day has undoubtedly carried the motto of the Olympics in true letter and spirit. We congratulate all the prize winners and hope to see you all next year.

World Environment Day Webinar

Mata Sundri College recently held the 'World Environment Day' NCWEB Webinar on the 4th June 2022. The session's topic was 'Environment Conservation Strategies for Sustainable Development.' The introductory talk was given by Dr. Indu Madam, followed by Principal Dr. Harpreet Kaur Madam's address. The main speaker of the webinar was Dr. Uzma Madam.

Freshers Welcome & Cultural Programme

Mata Sundri College NCWEB centre recently held the Freshers Day & Cultural Programme on the 12th of June, 2022. It started with prayers by the students. Then, a lamp was lit near Mata Sundri's picture by the Principal, Dr Harpreet Kaur, TIC, Dr. Indu Kumari, former TIC Dr. Lokesh & Sandeep Kumar, followed by the felicitation of the principal and other dignitaries.

The cultural programme followed the inauguration. These programmes were a blend of traditional and modern dance forms like Gidda, Belly dance, among others. The participants enthralled the crowd through their mesmerizing performances.

Gidda Dance – The show started with an energetic Gidda dance. It is a folk dance of the Punjab region which is generally part of social functions and festivals. It is performed by women with traditional music and rhythmic movements. The energy, the pairing up of team members, the costumes, and the music of dhol created a festival-like atmosphere in the auditorium.

Rajasthani dance – The second performance was also a group performance. This performance was equally energetic and mesmerizing. Students' traditional dressing, musical instruments and sizzling performance made the dance stand out.

Solo Dance – Perfomance followed the Rajasthani dance. It was performed by first-year student Shruti (BA program). The student danced to the tune of Bollywood songs.

After this stunning performance, group dances followed that included **Bhangra, Western, Haryanvi, and Gujarati**. All of these group dances carried the best of traditional and modern features. Traditional instruments, costumes & makeup, and music were a sight to watch.

Solo dance performances by the students were also unique and lively. The belly dance performance by Ishita was one of the best dance events of the day.

There were other solo performances and open floor performances that included dance and reciting poems.

Miss Fresher Contest

The Miss Fresher Contest was the final event of the day. There were close to 19 contestants from 2020 & 2021 Batches. The event was like National / International events, that had a ramp walk and question round.

International Yoga Day Celebration

MSC NCWEB organised a Yoga session in college campus for students to mark the celebration of International Yoga Week. The session was conducted under the supervision of yoga expert Sh. Ajay Kumar Sonker, who has twelve years of experience of yoga practice and expertise and have taught yoga in institution of national repute. Yoga Guru performed and taught various different asanas like Tadasana, Vrikshasana, Bhujangasana, Ustrasana and many more. He also explained the benefits that could be derived from every asana. After an hour-long fruitful yoga session, the event was proceeded by students sharing their learnings and experience from the session.

Result May-June 2021

1st Position

Himanshi
(B.Com. (P) 1st Year)

Yamini Rawat
(BA Prog. 1st Year)



1st Position

Harshita Khurana
(B.Com. (P) 2nd Year)

Deepa Bhatt
(BA Prog. 2nd Year)

1st Position

Deeksha Sachdeva
(B.Com. (P) 3rd Year)

Gurleen Kaur
(BA Prog. 3rd Year)

These events often help boost the student's confidence, creating lasting memories from the college life and sometimes even helping them identify their career paths. We congratulate all the prize winners. A big thanks to all the participants and the audience.

'For the wise man, every day is a festival.'
Plutarch (Greek Platonist philosopher, essayist, historian, biographer)

MATA SUNDRI COLLEGE FOR WOMEN
NCWEB STUDY CENTRE
Mata Sundri Lane, New Delhi – 110002